# ਇਹ ਹਮਾਰਾ ਜੀਵਨ

ਗੁਰਸ਼ਰਨ ਸਿੰਘ 25.5.96

## ਨਾਟਕ ਬੱਚੇ ਸੱਕੇ ਦਾ

-ਬਚਾ ਸੱਕਾ ਜੀ,

-ਹਾਂ ਬਰਖੁਦਾਰ

-ਤੁਸੀਂ ਫੇਰ ਜਨਮ ਲੈ ਲਿਆ ਹੈ?

-ਹਾਂ ਅਸੀਂ ਪੁਨਰ ਜਨਮ ਵਿਚ ਯਕੀਨ ਰੱਖਦੇ ਹਾਂ।

-ਪੰਜ ਸਦੀਆਂ ਪਹਿਲੇ ਤੁਹਾਡਾ ਰਾਜ ਇਕ ਦਿਨ ਦਾ ਸੀ?

-ਹਾਂ ਸਾਨੂੰ ਇਕ ਦਿਨ ਦਾ ਰਾਜ ਬਖ਼ਸ਼ਿਆ ਗਿਆ ਸੀ।

-ਤੇ ਹੁਣ ?

- ਹੁਣ ਸਾਨੂੰ 15 ਦਿਨਾਂ ਦਾ ਰਾਜ ਬਖ਼ਸ਼ਿਆ ਗਿਆ ਏ।

-ਤੁਸੀਂ 15 ਦਿਨਾਂ ਵਿਚ ਕੀ ਕਰੋਗੇ?

-ਅਸੀਂ ਧੂੜਾਂ ਪੱਟ ਦੇਵਾਂਗੇ, ਚੰਮ ਦੀਆਂ ਚਲਾਵਾਂਗੇ।

- ਉਹ ਕਿਸ ਤਰ੍ਹਾਂ?

-ਸਾਰੀਆਂ ਉਹ ਫਾਈਲਾਂ ਫਰੋਲਾਂਗੇ, ਜਿਨ੍ਹਾਂ ਵਿਚ ਪਿਛਲੇ ਰਾਜ ਦੇ ਕੁਕਰਮ ਦੱਬੇ ਹੋਏ ਨੇ।

-ਫੇਰ?

-ਕੁੱਕਰਮੀਆਂ ਨੂੰ ਕਹਾਂਗੇ ਜਾਂ ਤਾਂ ਸਾਡੇ ਹੱਕ ਵਿਚ ਵੋਟ ਦੇਵੋ ਨਹੀਂ ਤਾਂ ਤੁਹਾਡੇ ਕੁਕਰਮ ਨੰਗੇ ਕਰਾਂਗੇ।

- ਕਿਸੇ ਕੁਕਰਮੀ ਦਾ ਨਾਂ ਲੈ ਸਕਦੇ ਹੋ?

-ਇਕ ਦਾ ਨਾਂ ਅਸੀਂ ਲੈ ਹੀ ਦਿੱਤਾ ਹੈ। ਉਹਨੇ ਪਿਛਲੇ ਪੰਜ ਸਾਲ ਰਾਜ ਚਲਾਇਆ ਹੈ, ਜਿਹੜਾ ਇਕ ਤਾਂਤਰਿਕ ਦਾ ਯਾਰ ਸੀ, ਘੁਟਾਲਿਆਂ ਦਾ ਮਾਹਰ ਸੀ।

-ਤੁਹਾਡੀ ਐਕਸ਼ਨ ਪਲੈਨ ਕੀ ਹੋਵੇਗੀ?

-ਉਹਨੂੰ ਖੁਫ਼ੀਆਂ ਤੌਰ 'ਤੇ ਸੁਨੇਹਾ ਭੇਜਾਂਗੇ ਜੇ ਤੂੰ ਆਪਣੀ ਜਾਨ ਬਖਸ਼ੀ ਚਾਹੁੰਦਾ ਏ ਤਾਂ ਆਪਣੀ ਪਾਰਟੀ ਨੂੰ ਕਹਿ ਕਿ ਸਾਡੇ ਹੱਕ ਵਿਚ ਵੋਟ ਦੇਵੇ।

-ਯਨੀ ਤੁਸੀਂ ਬਲੈਕ ਮੇਲ ਕਰੋਗੇ?

-ਇਹ ਬਲੈਕ ਮੇਲ ਨਹੀਂ, ਸਿਆਸੀ ਦਾਓ ਪੇਚ ਨੇ।

..........................................

-ਬੱਚਾ ਸੱਕਾ ਜੀ, ਤੁਸੀਂ ਅਕਾਲੀਆਂ ਨਾਲ ਘਿਓ ਖਿੱਚੜੀ ਹੋ ਗਏ ਹੋ?

-ਨਹੀਂ, ਅਕਾਲੀ ਸਾਡੇ ਨਾਲ ਘਿਓ ਖਿੱਚੜੀ ਹੋ ਗਏ ਨੇ।

-ਅਕਾਲੀ ਕਹਿੰਦੇ ਨੇ ਕਿ ਉਹਨਾਂ ਦਾ ਸਾਰਿਆਂ ਨਾਲੋਂ ਵੱਡਾ ਮੁੱਦਾ ਪੰਜਾਬ ਦੇ ਹਿੱਤਾਂ ਦੀ ਰਖਵਾਲੀ ਕਰਨਾ ਏ।

-ਹਾਂ ਉਹ ਇਹੀ ਕਹਿੰਦੇ ਨੇ।

-ਤੁਹਾਡਾ ਪਹਿਲਾ ਮੁੱਦਾ ਕੀ ਏ?

-ਸਾਡਾ ਪਹਿਲਾ ਮੁੱਦਾ ਦੇਸ਼ ਦੇ ਹਿੱਤਾਂ ਦੀ ਰਖਵਾਲੀ ਕਰਨਾ ਏ।

-ਇਹ ਰੱਟਾ ਤਾਂ ਪਿਛਲੇ 48 ਸਾਲਾਂ ਤੋਂ ਚਲਿਆ ਆ ਰਿਹਾ ਏ।

-ਕਿਹੜਾ?

-ਅਕਾਲੀ ਕਹਿੰਦੇ ਰਹੇ ਕਿ ਪੰਥ ਖ਼ਤਰੇ ਵਿਚ ਏ, ਕਾਂਗਰਸ ਵਾਲੇ ਕਹਿੰਦੇ ਰਹੇ ਕਿ ਦੇਸ਼ ਖ਼ਤਰੇ ਵਿਚ ਏ। ਤੁਸੀਂ ਕੀ ਕਹੋਗੇ?

-ਹਾਲੀ ਤਾਂ ਅਸੀਂ ਇਹੀ ਕਹਾਂਗੇ ਕਿ ਅਸੀਂ ਖ਼ਤਰੇ ਵਿਚ ਹਾਂ।

..........................................

-ਬੱਚਾ ਸੱਕਾ ਜੀ, ਤੁਸੀਂ ਕਸ਼ਮੀਰ ਬਾਰੇ ਕੀ ਸੋਚਦੇ ਹੋ?

-ਜੋ ਅਸੀਂ ਹਮੇਸ਼ਾ ਸੋਚਦੇ ਰਹੇ ਹਾਂ।

-ਕੀ?

-ਕਸ਼ਮੀਰ ਭਾਰਤ ਦਾ ਇਕ ਅਟੁੱਟ ਹਿੱਸਾ ਹੈ ਤੇ...

-ਤੇ ਆਰਟੀਕਲ 370 ਜਿਹੜਾ ਕਸ਼ਮੀਰ ਦੇ ਲੋਕਾਂ ਨੂੰ ਵਿਸ਼ੇਸ਼ ਹੱਕ ਦੇਂਦਾ ਹੈ, ਉਹ ਮਨਸੂਖ ਕੀਤਾ ਜਾਏ?

-ਨਹੀਂ ਇਹਦੇ ਬਾਰੇ ਅਸੀਂ ਹੁਣ ਚੁੱਪ ਹਾਂ।

-ਪਰ ਦਿੱਲੀ ਵਿਚ ਤੁਹਾਡੇ ਉਮੀਦਵਾਰ, ਸਾਬਕਾ ਗਵਰਨਰ ਜਗਮੋਹਣ ਨੇ ਸਾਰੀ ਚੋਣ ਲੜਾਈ ਹੀ ਇਸ ਮੁੱਦੇ 'ਤੇ ਲੜੀ ਸੀ।

-ਇਸ ਕਰਕੇ ਅਸੀਂ ਉਸਨੂੰ ਆਪਣੇ ਮੰਤਰੀ ਮੰਡਲ ਵਿਚ ਸ਼ਾਮਲ ਨਹੀਂ ਕੀਤਾ।

-ਯਾਨੀ ਕਿ ਤੁਸੀ ਆਪਣਾ ਸਟੈਂਡ ਬਦਲ ਲਿਆ ਹੈ?

-ਇਹ ਰਾਜਨੀਤੀ ਹੈ।

-ਨਹੀਂ ਇਹ ਮੌਕਾ ਪ੍ਰਸਤੀ ਹੈ?

-ਮੌਕਾਪ੍ਰਸਤੀ ਹਿੰਦੁਸਤਾਨ ਦੇ ਸਧਾਰਨ ਲੋਕਾਂ ਦਾ ਖਾਸਾ ਹੈ। ਅਸੀਂ ਤਾਂ ਰੋਜ਼ ਇਹ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਭੂ ਸਾਨੂੰ ਏਨਾ ਉੱਚਾ ਨਾ ਚੁੱਕ ਕਿ ਅਸੀਂ ਸਧਾਰਨ ਬੰਦਿਆਂ ਤੋਂ ਵੱਖ ਹੋ ਜਾਈਏ।

..........................................

-ਬੱਚਾ ਸੱਕਾ ਜੀ, ਤੁਹਾਡਾ ਪੰਜਾਬੀ ਬੋਲੀ ਬਾਰੇ ਕੀ ਵਿਚਾਰ ਏ?

-ਅਸੀਂ ਇਹਨੂੰ ਦਿੱਲੀ ਵਿਚ ਦੂਜਾ ਦਰਜਾ ਦੇ ਦਿੱਤਾ ਏ। ਅਸੀਂ ਆਪਣੇ ਸਿੱਖ ਭਰਾਵਾਂ ਨੂੰ ਖੁਸ਼ ਕਰਨਾ ਚਾਹੁੰਦੇ ਸਾਂ। ਸਾਨੂੰ ਉਹਨਾਂ ਦੀ ਵੋਟ ਦੀ ਲੋੜ ਸੀ ਤੇ ਉਹਨਾਂ ਨੇ ਸਾਨੂੰ ਵੋਟ ਦਿੱਤੀ ਹੈ।

-ਯਨੀ ਤੁਸੀਂ ਮੰਨਦੇ ਹੋ ਕਿ ਪੰਜਾਬ ਵਿਚ, ਦਿੱਲੀ ਵਿਚ ਜੋ ਤੁਹਾਡੇ ਪੰਜਾਬੀ ਪੈਰੋਕਾਰ ਹਨ, ਉਹਨਾਂ ਦੀ ਪੰਜਾਬੀ ਮਾਂ ਬੋਲੀ ਹੈ?

-ਅਸੀਂ ਕੁੱਝ-ਕੁੱਝ ਮੰਨਣ ਲੱਗ ਪਏ ਹਾਂ।

-ਪਰ ਤੁਹਾਡੀ ਐਮ.ਐਲ.ਏ. ਲਕਸ਼ਮੀ ਕਾਂਤਾ ਚਾਵਲਾ ਤਾਂ ਇਹ ਬਿਆਨ ਦੇਂਦੀ ਏ ਕਿ ਉਹਦੀ ਤੇ ਉਹਦੀ ਮੱਤ ਦੇ ਹੋਰ ਲੋਕਾਂ ਦੀ ਬੋਲੀ ਹਿੰਦੀ ਏ ਤੇ ਮਰਦਮ ਸ਼ੁਮਾਰੀ ਵਿਚ ਉਹ ਇਹੀ ਲਿਖਵਾਂਦੇ ਰਹੇ ਨੇ?

-ਲਕਸ਼ਮੀ ਕਾਂਤਾ ਚਾਵਲਾ ਤਾਂ ਚਵੱਲ ਏ, ਉਹਨੂੰ ਇਸ ਵੇਲੇ ਇਹ ਬਿਆਨ ਨਹੀਂ ਦੇਣਾ ਚਾਹੀਦਾ।

-ਪਰ ਪੰਜਾਬ ਅਸੈਂਬਲੀ ਵਿਚ ਤਾਂ ਉਹ ਤੁਹਾਡੇ ਮੈਂਬਰਾਂ ਵਿਚੋਂ ਅਵੱਲ ਏ?

-ਸਾਰੀਆਂ ਨਜ਼ਰਾਂ ਵਿਚ ਅਵੱਲ ਤੇ ਚਵੱਲ ਇਕੋ ਗੱਲ ਏ।

..........................................

-ਬੱਚਾ ਸੱਕਾ ਜੀ, ਇਕ ਜਾਤੀ ਸਵਾਲ ?

-ਪੁੱਛੋ।

-ਤੁਸੀਂ ਵਿਆਹ ਨਹੀਂ ਕਰਵਾਇਆ?

-ਅਸੀਂ ਟੱਬਰਦਾਰੀ ਵਿਚ ਯਕੀਨ ਨਹੀਂ ਰੱਖਦੇ।

-ਮਤਲਬ?

-ਟੱਬਰ ਹੋਵੇ ਤਾਂ ਹਰ ਵੇਲੇ ਖ਼ਤਰਾ ਰਹਿੰਦਾ ਏ ਕਿ ਕੋਈ ਤੁਹਾਡਾ ਪੋਤਰਾ ਫਰਾਂਸ ਦੀ ਕੁੜੀ ਨੂੰ ਛੇੜ ਦੇਵੇਗਾ, ਕੋਈ ਜਵਾਈ ਧੋਬੀ ਪੱਟੜਾ ਮਾਰਕੇ ਤੁਹਾਡੀ ਸਰਕਾਰ ਉਲਟਾ ਦੇਵੇਗਾ।

-ਤੁਸੀਂ ਬੜੇ ਯਥਾਰਥਵਾਦੀ ਹੋ?

-ਹਾਂ ਇਹ ਮੇਰਾ ਸੁਭਾਅ ਹੈ।

-ਤੁਹਾਡੇ ਖਿਆਲ ਵਿਚ ਅੱਜ ਦਾ ਯਥਾਰਥ ਕੀ ਏ?

-ਅੱਜ ਦਾ ਯਥਾਰਥ ਇਹ ਹੈ ਕਿ 31 ਮਈ ਤੋਂ ਬਾਅਦ ਸਾਡੀ ਸਰਕਾਰ ਨਹੀਂ ਰਹੇਗੀ।